# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ




## ਓਨਟਾਰਿਓ ਦੇ ਬਜ਼ੁਰਗਾਂ ਦੀ ਦੇਖਭਾਲ ਕਰਨਾ

ਸਾਡੇ ਪ੍ਰਾਂਤ ਵਿੱਚ ਬਜ਼ੁਰਗਾਂ ਦੀ ਸੰਖਿਆ ਅੱਜ ਦੇ 2.4 ਮਿਲੀਅਨ ਤੋਂ ਵੱਧ ਕੇ 2040 ਤੱਕ 4.5 ਮਿਲਿਅਨ ਹੋ ਜਾਣ ਦੀ ਉਮੀਦ ਹੈ। ਬਜ਼ੁਰਗਾਂ ਦੀਆਂ ਲੋੜਾਂ ਅਨੂਠੀਆਂ ਹੁੰਦੀਆਂ ਹਨ, ਅਤੇ ਉਹ ਤੇ ਉਨ੍ਹਾਂ ਦੇ ਪਰਿਵਾਰ, ਅਨੇਕ ਸਿਹਤ ਦੇਖਭਾਲ ਅਤੇ ਭਲਾਈ ਨਾਲ ਸੰਬੰਧਤ ਵਾਧੂ ਖਰਚਿਆਂ ਲਈ ਸੰਘਰਸ਼ ਕਰਦੇ ਹਨ।

ਬਜ਼ੁਰਗਾਂ ਨੂੰ ਸਿਹਤਮੰਦ, ਸੁਤੰਤਰ ਅਤੇ ਕਿਰਿਆਸ਼ੀਲ ਜੀਵਨ ਜੀਣ ਵਿੱਚ ਸਹਾਇਤਾ ਕਰਨ ਵਾਸਤੇ, ਓਨਟਾਰਿਓ ਘਰੇਲੂ ਅਤੇ ਕਮਿਊਨਿਟੀ ਦੇਖਭਾਲ ਤੱਕ ਪਹੁੰਚ ਵਧਾ ਰਿਹਾ ਹੈ, ਬਜ਼ੁਰਗਾਂ ਨੂੰ ਆਤਮਨਿਰਭਰਤਾ ਨਾਲ ਰਹਿਣ ਵਿੱਚ ਸਹਾਇਤਾ ਕਰ ਰਿਹਾ ਹੈ, OHIP+ ਰਾਹੀਂ 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਲਈ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਮੁਫਤ ਬਣਾ ਰਿਹਾ ਹੈ ਅਤੇ ਹਸਪਤਾਲ ਸੇਵਾਵਾਂ ਅਤੇ ਲੌਂਗ-ਟਰਮ ਕੇਅਰ ਸੰਬੰਧੀ ਸਹਾਰਿਆਂ ਵਿੱਚ ਨਿਵੇਸ਼ ਕਰ ਰਿਹਾ ਹੈ।




### 65+ ਲਈ ਮੁਫਤ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ

OHIP+ ਰਾਹੀਂ 65 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਪੂਰੀ ਤਰ੍ਹਾਂ ਮੁਫਤ ਕਰਨਾ, ਯਕੀਨੀ ਬਣਾਉਂਦੇ ਹੋਏ ਕਿ ਕੋਈ ਵੀ ਬਜ਼ੁਰਗ ਨਾਗਰਿਕ ਕਦੇ ਵੀ ਜ਼ਰੂਰੀ ਦਵਾਈਆਂ ਤੋਂ ਬਿਨਾਂ ਨਹੀਂ ਰਹੇ। ਓਨਟਾਰਿਓ ਡਰੱਗ ਬੈਨੇਫਿਟ ਦੀ ਸਲਾਨਾ ਕਟੌਤੀ ਅਤੇ ਕੋ-ਪੇ ਨੂੰ ਖਤਮ ਕਰਕੇ, ਇਹ ਓਨਟਾਰਿਓ ਦੇ ਔਸਤ ਬਜ਼ੁਰਗ ਲਈ ਹਰ ਸਾਲ $240 ਦੀ ਬਚਤ ਕਰਦਾ ਹੈ।




### ਲੰਮੇ ਸਮੇਂ ਦੀ ਬਿਹਤਰ ਦੇਖਭਾਲ

ਅਗਲੇ 10 ਸਾਲਾਂ ਵਿੱਚ ਅਜਿਹੇ ਲੋਕਾਂ ਦੀ ਸਹਾਇਤਾ ਕਰਨ ਵਾਸਤੇ 30,000 ਨਵੇਂ ਲੌਂਗ-ਟਰਮ ਬੈੱਡ ਉਤਪੰਨ ਕਰਕੇ ਜੋ ਹੁਣ ਆਤਮਨਿਰਭਰਤਾ ਨਾਲ ਨਹੀਂ ਰਹਿ ਸਕਦੇ – ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਲੋਕਾਂ ਵਾਸਤੇ ਮਨ ਦੀ ਸ਼ਾਂਤੀ ਪ੍ਰਦਾਨ ਕਰਨ ਲਈ।



### ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ

ਇਹ ਨਵਾਂ ਪ੍ਰੋਗਰਾਮ ਵਡੇਰੀ ਉਮਰ ਦੇ ਬਜ਼ੁਰਗਾਂ ਦੇ ਘਰ ਵਿੱਚ, ਜਿਥੇ ਉਹ ਰਹਿਣਾ ਚਾਹੁੰਦੇ ਹਨ, ਰਹਿਣ ਨਾਲ ਸੰਬੰਧਤ ਲਾਗਤਾਂ ਨੂੰ ਮਾਨਤਾ ਦਿੰਦਾ ਹੈ। ਇਹ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਅਗਵਾਈ ਹੇਠ ਯੋਗ ਘਰਾਂ ਨੂੰ ਉਨ੍ਹਾਂ ਨੂੰ ਆਤਮਨਿਰਭਰ ਢੰਗ ਨਾਲ ਜੀਣ ਅਤੇ ਉਨ੍ਹਾਂ ਦੇ ਘਰਾਂ ਦੇ ਰੱਖ ਰਖਾਅ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸਾਲਾਨਾ $750 ਤੱਕ ਦਾ ਲਾਭ ਮੁਹੱਈਆ ਕਰਦਾ ਹੈ।

## ਮੁਫਤ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ

ਓਨਟਾਰਿਓ:

- OHIP+ ਰਾਹੀਂ 65 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਪੂਰੀ ਤਰ੍ਹਾਂ ਮੁਫਤ ਕਰ ਰਿਹਾ ਹੈ, ਯਕੀਨੀ ਬਣਾਉਂਦੇ ਹੋਏ ਕਿ ਕੋਈ ਵੀ ਬਜ਼ੁਰਗ ਨਾਗਰਿਕ ਕਦੇ ਵੀ ਜ਼ਰੂਰੀ ਦਵਾਈਆਂ ਤੋਂ ਬਿਨਾਂ ਨਹੀਂ ਰਹਿੰਦਾ। ਓਨਟਾਰਿਓ ਡਰੱਗ ਬੈਨੇਫਿਟ ਦੀ ਸਲਾਨਾ ਕਟੌਤੀ ਅਤੇ ਕੋ-ਪੇ ਨੂੰ ਖਤਮ ਕਰਕੇ, ਇਹ ਓਨਟਾਰਿਓ ਦੇ ਔਸਤ ਬਜ਼ੁਰਗ ਲਈ ਹਰ ਸਾਲ $240 ਦੀ ਬਚਤ ਕਰਦਾ ਹੈ। OHIP+ ਵਿੱਚ ਇਹ ਵਾਧਾ *2017* ਓਨਟਾਰਿਓ *ਬਜਟ* ਵਿੱਚ 25 ਸਾਲ ਤੋਂ ਘੱਟ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਮੁਫਤ ਦਵਾਈਆਂ ਦੀ ਸ਼ੁਰੂਆਤ ਤੋਂ ਬਾਅਦ ਆਉਂਦਾ ਹੈ। ਇਸ ਵਾਧੇ ਦੇ ਨਾਲ, ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਹੁਣ ਦੋ ਓਨਟਾਰਿਓ ਨਿਵਾਸਿਆਂ ਵਿੱਚੋਂ ਲਗਭਗ ਇੱਕ ਲਈ ਮੁਫਤ ਹੋ ਜਾਣਗੀਆਂ, ਲਗਭਗ 6.4 ਮਿਲੀਅਨ ਲੋਕਾਂ ਲਈ।
- OHIP+ ਰਾਹੀਂ, 4,400 ਤੋਂ ਵੱਧ ਦਵਾਈਆਂ ਕਵਰ ਕਰ ਰਿਹਾ ਹੈ ਜਿਵੇਂ ਕਿ ਕੋਲੈਸਟ੍ਰੋਲ, ਹਾਈਪਰਟੈਨਸ਼ਨ, ਥਾਏਰੋਇਡ, ਡਾਇਬਟੀਜ਼ ਅਤੇ ਦਮੇ ਲਈ ਦਵਾਈਆਂ।

## ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ

ਓਨਟਾਰਿਓ:

- ਨਵਾਂ ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ। ਇਹ ਵਡੇਰੀ ਉਮਰ ਦੇ ਬਜ਼ੁਰਗਾਂ ਦੇ ਘਰ ਵਿੱਚ, ਜਿਥੇ ਉਹ ਰਹਿਣਾ ਚਾਹੁੰਦੇ ਹਨ, ਰਹਿਣ ਨਾਲ ਸੰਬੰਧਤ ਲਾਗਤਾਂ ਨੂੰ ਮਾਨਤਾ ਦਿੰਦਾ ਹੈ। ਇਹ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਅਗਵਾਈ ਹੇਠ ਯੋਗ ਘਰਾਂ ਨੂੰ ਉਨ੍ਹਾਂ ਨੂੰ ਆਤਮਨਿਰਭਰ ਢੰਗ ਨਾਲ ਜੀਣ ਅਤੇ ਉਨ੍ਹਾਂ ਦੇ ਘਰਾਂ ਦੇ ਰੱਖ-ਰਖਾਅ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸਾਲਾਨਾ $750 ਤੱਕ ਦਾ ਲਾਭ ਮੁਹੱਈਆ ਕਰ ਰਿਹਾ ਹੈ।
- ਬਜ਼ੁਰਗਾਂ ਦੇ ਲਈ ਜੀਵਨ ਦੀ ਗੁਣਵੱਤਾ ਨੂੰ ਸੁਧਾਰ ਰਿਹਾ ਹੈ ਜਦੋਂ ਬੀਮਾਰੀ ਜਾਂ ਹਿਲੁਣ – ਜੁਲਣ ਦੀ ਸਮਰੱਥਾ ਵਿੱਚ ਘਾਟ ਉਨ੍ਹਾਂ ਦੀ ਘਰ ਦਾ ਰੱਖ-ਰੱਖਾਅ ਕਰਨ ਦੀ ਕਾਬਲੀਅਤ ਨੂੰ ਪ੍ਰਭਾਵਤ ਕਰ ਸਕਦੀ ਹੈ।
- ਕਿਸ ਖਾਸ ਕਿਸਮ ਦੇ ਖਰਚੇ ਸ਼ਾਮਲ ਹੋਣੇ ਚਾਹੀਦੇ ਹਨ ਸਮੇਤ, ਪ੍ਰੋਗਰਾਮ ਦੇ ਡਿਜ਼ਾਇਨ ਬਾਰੇ ਬਜ਼ੁਰਗਾਂ ਦੇ ਸਮੂਹਾਂ ਅਤੇ ਦੂਸਰੇ ਹਿੱਸੇਦਾਰਾਂ ਦੇ ਨਾਲ ਸਲਾਹ ਮਸ਼ਵਰਾ ਕਰ ਰਿਹਾ ਹੈ।

## ਬਜ਼ੁਰਗਾਂ ਲਈ ਹੋਰ ਜ਼ਿਆਦਾ ਦੇਖਭਾਲ

ਓਨਟਾਰਿਓ:

- ਅਗਲੇ 10 ਸਾਲਾਂ ਵਿੱਚ 30,000 ਨਵੇਂ ਲੌਂਗ-ਟਰਮ ਦੇਖਭਾਲ ਬੈੱਡ ਉਤਪੰਨ ਕਰ ਰਿਹਾ ਹੈ – 2022 ਤੱਕ 5,000 ਨਵੇਂ ਬੈੱਡ ਜੋੜ ਕੇ - ਅਜਿਹੇ ਲੋਕਾਂ ਦੀ ਸਹਾਇਤਾ ਕਰਨ ਵਾਸਤੇ ਜੋ ਹੁਣ ਆਤਮਨਿਰਭਰਤਾ ਨਾਲ ਨਹੀਂ ਰਹਿ ਸਕਦੇ ਅਤੇ ਉਨ੍ਹਾਂ ਦੀ ਦੇਖਭਾਲ ਕਰ ਰਹੇ ਲੋਕਾਂ ਵਾਸਤੇ ਮਾਨਸਿਕ ਸ਼ਾਤੀ ਪ੍ਰਦਾਨ ਕਰਨ ਲਈ। ਇਹ ਨਵੇਂ ਬੈੱਡ ਮੁੜ ਕੇ ਵਿਕਸਤ ਕੀਤੇ ਜਾ ਰਹੇ 30,000 ਮੌਜੂਦਾ ਬੈੱਡਾਂ ਤੋਂ ਇਲਾਵਾ ਹਨ।

- ਦੇਖਭਾਲ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਕੇ, ਉਡੀਕ ਦੇ ਸਮਿਆਂ ਨੂੰ ਘਟਾ ਕੇ, ਸਮਰੱਥਾ ਸੰਬੰਧੀ ਮੁੱਦਿਆਂ ਨਾਲ ਨਜਿੱਠ ਕੇ ਹਸਪਤਾਲਾਂ ਨੂੰ ਸੁਧਾਰ ਕੇ ਅਤੇ 2018-19 ਵਿੱਚ $822 ਮਿਲੀਅਨ ਦੇ ਵਾਧੂ ਨਿਵੇਸ਼ – ਲਗਭਗ ਇੱਕ ਦਹਾਕੇ ਵਿੱਚ ਕਿਸੀ ਵੀ ਸਰਕਾਰ ਦੁਆਰਾ ਹਸਪਤਾਲਾਂ ਵਿੱਚ ਇਕੱਲਾ ਸਭ ਤੋਂ ਵੱਡਾ ਨਿਵੇਸ਼ – ਕਰਕੇ ਓਨਟਾਰਿਓ ਦੀ ਵੱਧ ਰਹੀ ਅਤੇ ਬਿਰਧ ਹੋ ਰਹੀ ਆਬਾਦੀ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰ ਰਿਹਾ ਹੈ। ਪ੍ਰਾਂਤ ਲੋਕਾਂ ਲਈ ਹੋਰ ਜ਼ਿਆਦਾ ਅਤੇ ਜ਼ਿਆਦਾ ਤੇਜ਼ ਸਿਹਤ ਸੰਭਾਲ ਮੁਹੱਈਆ ਕਰਨ ਵਾਸਤੇ ਹਸਪਤਾਲਾਂ ਦਾ ਨਿਰਮਾਣ ਕਰਨ ਅਤੇ ਉਨ੍ਹਾਂ ਨੂੰ ਨਵਾਂ ਕਰਨ ਲਈ 10 ਸਾਲਾਂ ਵਿੱਚ ਲਗਭਗ $19 ਬਿਲੀਅਨ ਦਾ ਨਿਵੇਸ਼ ਵੀ ਕਰ ਰਿਹਾ ਹੈ।
- ਲੌਂਗ-ਟਰਮ ਕੇਅਰ ਹੋਮ ਵਿੱਚ ਹਰ ਵਿਅਕਤੀ ਨੂੰ ਮਿਲਣ ਵਾਲੀ ਰੋਜ਼ਾਨਾ ਦੇਖਭਾਲ ਦੀ ਮਾਤਰਾ ਨੂੰ ਚਾਰ ਘੰਟਿਆਂ ਦੀ ਔਸਤ ਤੱਕ ਵਧਾ ਰਿਹਾ ਹੈ।
- ਡਿਮੇਨਸ਼ੀਆ ਦੀ ਹੁਣੇ-ਹੁਣੇ ਪਹਿਚਾਣ ਹੋਏ 14,000 ਲੋਕਾਂ ਦੀ, ਇਹ ਪਰਵਾਹ ਕੀਤੇ ਬਿਨਾਂ ਕਿ ਉਹ ਕਿਥੇ ਰਹਿੰਦੇ ਹਨ, ਦੇਖਭਾਲ ਨੂੰ ਸੁਧਾਰ ਰਿਹਾ ਹੈ।
- ਤਿੰਨ ਸਾਲਾਂ ਵਿੱਚ $650 ਮਿਲੀਅਨ ਦੇ ਨਿਵੇਸ਼ ਰਾਹੀਂ, ਨਿਜੀ ਸੰਭਾਲ ਦੇ 2.8 ਮਿਲੀਅਨ ਹੋਰ ਜ਼ਿਆਦਾ ਘੰਟਿਆਂ ਅਤੇ 284,000 ਹੋਰ ਜ਼ਿਆਦਾ ਨਰਸਿੰਗ ਮੁਲਾਕਾਤਾਂ ਸਮੇਤ, ਘਰੇਲੂ ਅਤੇ ਕਮਿਊਨਿਟੀ ਸਿਹਤ ਸੇਵਾਵਾਂ ਤੱਕ ਹੋਰ ਜ਼ਿਆਦਾ ਪਹੁੰਚ ਪ੍ਰਦਾਨ ਕਰ ਰਿਹਾ ਹੈ।

## ਬਜ਼ੁਰਗਾਂ ਨੰ ਸਿਹਤਮੰਦ, ਕਿਰਿਆਸ਼ੀਲ ਜੀਵਨ ਜੀਣ ਵਿੱਚ ਸਹਾਇਤਾ ਕਰਨਾ

ਓਨਟਾਰਿਓ:

- ਬਜ਼ੁਰਗਾਂ ਲਈ ਸਰਕਾਰੀ ਸੇਵਾਵਾਂ ਤੱਕ ਪਹੁੰਚਣ ਨੂੰ ਜ਼ਿਆਦਾ ਅਸਾਨ ਬਣਾ ਰਿਹਾ ਹੈ, ਜਿਸ ਵਿੱਚ ਇੱਕ ਨਵੀਂ ਵਨ-ਸਟੌਪ ਵੈੱਬਸਾਇਟ ਅਤੇ 150 ਤੋਂ ਵੱਧ ਭਾਸ਼ਾਵਾਂ ਵਿੱਚ 24-ਘੰਟੇ ਦੀ ਫੋਨ ਸੇਵਾ ਸ਼ਾਮਲ ਹੈ।
- ਪ੍ਰਾਂਤ ਭਰ ਵਿੱਚ ਬਜ਼ੁਰਗਾਂ ਦੇ ਐਕਟਿਵ ਲਿਵਿੰਗ ਸੈਂਟਰਾਂ ਦੇ ਨੱਟਵਰਕ ਨੂੰ ਸਹਿਯੋਗ ਦੇਕੇ ਅਤੇ ਵਧਾ ਕੇ ਬਜ਼ੁਰਗਾਂ ਨੂੰ ਕਿਰਿਆਸ਼ੀਲ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੇ ਨਾਲ ਜੁੜੇ ਰਹਿਣ ਵਿੱਚ ਸਹਾਇਤਾ ਕਰ ਰਿਹਾ ਹੈ।
- ਬਜ਼ੁਰਗਾਂ ਨੂੰ ਕਿਫਾਇਤੀ ਘਰ ਕਿਰਾਏ ਤੇ ਲੈਣ ਦੇ ਕਾਬਲ ਹੋਣ ਅਤੇ ਘਰੇਲੂ ਅਤੇ ਕਮਿਊਨਿਟੀ ਦੇਖਭਾਲ ਪ੍ਰਾਪਤ ਕਰਨ ਲਈ 200 ਨਵੀਆਂ ਸਬਸਿਡੀਆਂ ਮੁਹੱਈਆ ਕਰ ਰਿਹਾ ਹੈ।
- ਕਮਿਊਨਿਟੀ ਸੇਵਾਵਾਂ ਤੱਕ ਸੁਧਰੀ ਹੋਈ ਪਹੁੰਚ ਦੇ ਨਾਲ ਬਜ਼ੁਰਗਾਂ ਨਾਲ ਦੁਰਵਿਹਾਰ ਵਲ ਪ੍ਰਤਿਕਿਰਿਆ ਦਿਖਾਉਣਾ ਅਤੇ ਜਨਤਕ ਸਿੱਖਿਆ ਅਤੇ ਸੇਵਾ-ਪ੍ਰਦਾਤਾਵਾਂ ਵਾਸਤੇ ਸਿਖਲਾਈ ਦੇਣ ਦਾ ਸਮਰਥਨ ਜਾਰੀ ਰੱਖ ਰਿਹਾ ਹੈ।